# ਪੰਜਾਬ ਐਜੂਸੈਟ ਸੁਸਾਇਟੀ

ਈ.ਐਂਡ.ਐਫ ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ,
ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ।
ਫੋਨ ਨੰ. 0172- 2231800, 2215701 ਈ-ਮੇਲ: edusat.punjab@gmail.com

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
2. ਸਮੂਹ ਸਕੂਲ ਮੁੱਖੀ ਅਤੇ ਵਿਸ਼ਾ ਅਧਿਆਪਕ (ਵੈਬਸਾਈਟ ਰਾਹੀਂ)

ਮੀਮੋ ਨੰ.: 24/24/2008/PES/Complaints/7407-08
ਮਿਤੀ: ...4.. ਸਤੰਬਰ, 2014.

**ਵਿਸ਼ਾ:** ਐਜੂਸੈਟ ਅਧੀਨ ਉਪਕਰਣਾਂ ਦੇ ਰੱਖ ਰੱਖਾਵ ਅਤੇ ਠੀਕ ਕਰਵਾਉਣ ਸਬੰਧੀ ਜਾਣਕਾਰੀ।
**ਹਵਾਲਾ:** ਇਸ ਦਫਤਰ ਦੇ ਪੱਤਰ ਨੰ. 24/24/2008/PES/Complaints/4372, dated 11.09.2013.

1.0 ਹਵਾਲਾ ਅਧੀਨ ਪੱਤਰ ਰਾਹੀਂ ਸਿਸਟਮ ਸਬੰਧੀ ਜਾਣਕਾਰੀ ਅਤੇ ਟ੍ਰਬਲਸ਼ੂਟਿੰਗ ਗਾਈਡਲਾਈਨਜ਼ ਸਬੰਧੀ ਯਾਦ-ਪੱਤਰ ਭੇਜਿਆ ਗਿਆ ਸੀ।

2.0 ਐਜੂਸੈਟ ਨਾਲ ਸਬੰਧਤ ਕਰਮਚਾਰੀਆਂ ਨੂੰ ਓਪਰੇਸ਼ਨਲ ਟ੍ਰੇਨਿੰਗ ਅਤੇ ਟ੍ਰਬਲਸ਼ੂਟਿੰਗ ਟ੍ਰੇਨਿੰਗ ਕਰਾਉਣ ਉਪਰੰਤ ਰਿਫਰੈਸ਼ਰ ਕੋਰਸ ਵੀ ਸਟੇਟ ਹੱਬ/ਜਿਲ੍ਹਾ ਪੱਧਰ ਤੇ ਕਰਵਾਏ ਗਏ ਹਨ ਜਿਨ੍ਹਾਂ ਵਿੱਚ ਨੈਟਵਰਕ ਸਬੰਧੀ ਪੂਰੀ ਜਾਣਕਾਰੀ ਅਤੇ ਤਕਨੀਕੀ ਖਰਾਬੀਆਂ ਨੂੰ ਆਪਣੇ ਪੱਧਰ ਤੇ ਹਲ ਕਰਨ ਸਬੰਧੀ ਵੀ ਦੱਸਿਆ ਜਾਂਦਾ ਰਿਹਾ ਹੈ। ਫਿਰ ਤੋਂ ਦੱਸਿਆ ਜਾਂਦਾ ਹੈ ਕਿ ਹਰ ਇੱਕ ਉਪਕਰਣ ਨੂੰ "ਐਜੂਸੈਟ" ਜਾਂ "ਐਜੂਸੈਟ ਲੈਬ" ਜਾਂ "ਸਮਾਰਟ ਕਲਾਸ ਰੂਮ" ਜਾਂ "ਆਰ.ਓ.ਟੀ ਲੈਬ" ਜਾਂ "ਸਿੱਟ ਲੈਬ" ਕਹਿਣ ਨਾਲ ਤਕਨੀਕੀ ਖਰਾਬੀਆਂ ਠੀਕ ਕਰਵਾਉਣ ਵਿੱਚ ਬੜੀ ਦਿੱਕਤ ਆਉਂਦੀ ਹੈ ਅਤੇ ਦੇਰ ਵੀ ਲਗਦੀ ਹੈ।

3.0 ਐਜੂਸੈਟ ਸੰਸਥਾਵਾਂ ਨਾਲ ਸਬੰਧਤ ਸਮੂਹ ਮੁੱਖੀ/ਵਿਸ਼ਾ ਅਧਿਆਪਕ/ਕਰਮਚਾਰੀ ਕ੍ਰਿਪਾ ਕਰਕੇ ਇਹਨਾਂ ਉਪਕਰਣਾਂ ਬਾਰੇ ਸਹੀ ਜਾਣਕਾਰੀ ਫਿਰ ਤੋਂ ਨੋਟ ਕਰ ਲੈਣ ਅਤੇ ਸੰਸਥਾ ਦੇ ਬਾਕੀ ਸਬੰਧਤ ਅਧਿਆਪਕਾਂ/ਕਰਮਚਾਰੀਆਂ ਨੂੰ ਵੀ ਇਸ ਸਬੰਧੀ ਜਾਣਕਾਰੀ ਦੇਣ ਦੀ ਖੇਚਲ ਕਰਨ ਤਾਂ ਜੋ ਤਕਨੀਕੀ ਸ਼ਿਕਾਇਤ ਦਰਜ ਕਰਵਾਉਣ ਲਈ ਉਹ ਸਹੀ ਵੇਰਵੇ ਦੇ ਸਕਣ।

*4.0 ਆਰ.ਓ.ਟੀ ਨੂੰ ਚਾਲੂ ਰੱਖਣ ਅਤੇ ਮਾਮੂਲੀ ਤਕਨੀਕੀ ਸੈਟਿੰਗਜ਼ ਠੀਕ ਕਰਨ ਲਈ ਹਦਾਇਤਾਂ ਗੁਰਮੁੱਖੀ ਵਿੱਚ ਤਿਆਰ ਕਰਕੇ ਫਿਰ ਤੋਂ ਭੇਜੀਆਂ ਜਾ ਰਹੀਆਂ ਹਨ (ਨੱਥੀ ਅਨੁਲਗ 'ਆਰ.ਓ.ਟੀ'), ਜੋ ਆਰ.ਓ.ਟੀ ਨੂੰ ਚਾਲੂ ਰੱਖਣ ਵਿੱਚ ਸਹਾਈ ਹੋਣਗੀਆਂ। ਕ੍ਰਿਪਾ ਕਰਕੇ ਇਹਨਾਂ ਹਦਾਇਤਾਂ ਦੀ ਇੱਕ ਕਾਪੀ ਐਜੂਸੈਟ ਆਰ.ਓ.ਟੀ ਵਿੱਚ ਨੋਟਿਸ ਬੋਰਡ ਤੇ ਚਿਪਕਾ ਕੇ ਰੱਖੀ ਜਾਵੇ। ਇਹਨਾਂ ਹਦਾਇਤਾਂ ਅਨੁਸਾਰ ਹੀ ਸਿਸਟਮ ਨੂੰ ਚਾਲੂ ਰੱਖਣ ਦੀ ਖੇਚਲ ਕੀਤੀ ਜਾਵੇ।*

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

*ਨੱਥੀ: ਅਨੁਲਗ 'ਆਰ.ਓ.ਟੀ'*

ਪਿੱਠਅੰਕਣ ਨੰ.: 24/24/2008/PES/Complaints/7409 ਮਿਤੀ: 4th Sept-2014

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

1. ਸਟੂਡਿਓ ਇੰਜੀਨੀਅਰ ਅਤੇ ਜੂਨੀਅਰ ਇੰਜੀਨੀਅਰ, ਪੰਜਾਬ ਐਜੂਸੈਟ ਸੁਸਾਇਟੀ।
2. ਸਮੂਹ ਸਰਕਲ / ਜਿਲ੍ਹਾ ਐਜੂਸੈਟ ਕੋਆਰਡੀਨੇਟਰ, ਪੰਜਾਬ।
3. ਡੀ.ਐਮ.(ਐਮ.ਆਈ.ਐਸ) ਐਸ.ਐਸ.ਏ ਨੂੰ ਪੱਤਰ ਅਤੇ ਅਨੁਲਗ ਆਰ.ਓ.ਟੀ ਵੈਬਸਾਈਟ ਤੇ ਉਪਲਬਧ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

# ਆਰ.ਓ.ਟੀ ਦੇ ਮਾਮੂਲੀ ਤਕਨੀਕੀ ਨੁਕਸ ਠੀਕ ਕਰਨ ਸਬੰਧੀ।

| ਲੜੀ ਨੰ. | ਨੁਕਸ ਦੀ ਇਲਾਮਤ | ਸੰਭਵ ਕਾਰਨ | ਕੀ ਕੀਤਾ ਜਾਵੇ |
|---|---|---|---|
| 1. | ਨੋ-ਸਿਗਨਲ | ਗਲਤ ਇਨਪੁੱਟ ਦੀ ਚੋਣ ਕਾਰਨ। | ਐਲ.ਐਫ.ਡੀ ਨੂੰ ਚਾਲੂ ਕਰੋ, ਸਜੇ ਪਾਸੇ ਹੇਠਾਂ ਵੱਲ ਪੀ.ਈ.ਐਸ ਦਾ ਲੋਗੋ ਟੀ.ਵੀ ਤੇ ਦੇਖੋ। |
| | | | ਐਲ.ਐਫ.ਡੀ ਦੇ ਰਿਮੋਟ ਦਾ HDMI button ਦਬਾਓ *ਅਤੇ ਫਿਰ HDMI 1 ਚੁਣੋ।* (ਪ੍ਰੋਗਰਾਮ ਚਾਲੂ ਹੋ ਜਾਵੇਗਾ।) |
| | | ਸੈਟ-ਟੌਪ ਬਾਕਸ ਨੂੰ ਰੀਸਟਾਰਟ ਕਰਨ ਦੀ ਲੋੜ ਹੈ। | ਐਸ.ਟੀ.ਬੀ ਰਿਮੋਟ ਦਾ ਪਾਵਰ ਬਟਨ ਦੋ ਵਾਰ ਦਬਾਓ, *ਜੇਕਰ Boot ਲਿਖਿਆ ਨਜ਼ਰ ਆ* ਰਿਹਾ ਹੈ ਤਾਂ ਸਿਸਟਮ ਚਾਲੂ ਹੋ ਗਿਆ ਹੈ। |
| | | ਐਨਟੀਨਾਂ ਦੀ ਦਿਸ਼ਾ ਹਿਲ ਗਈ ਹੋ ਸਕਦੀ ਹੈ। | ਸੈਟ-ਟੌਪ ਬਾਕਸ ਦੇ ਰਿਮੋਟ ਦਾ Menu button ਦਬਾਓ ਫਿਰ ਉਸ ਵਿੱਚੋਂ TP ਦਾ ਆਪਸ਼ਨ ਚੁਣੋ *ਇਸ ਨੂੰ OK ਕਰੋ* ਫਿਰ Edit TP option ਦੀ ਚੋਣ ਕਰੋ ਇਸ ਨਾਲ ਸਿਗਨਲ ਲੈਵਲ ਅਤੇ ਕੁਆਲਿਟੀ ਦੀ *ਰੀਡਿੰਗ ਨੋਟ ਕਰੋ ਸਿਗਨਲ 70 ਤੋਂ ਵੱਧ ਅਤੇ ਕੁਆਲਿਟੀ 65 ਤੋਂ ਵੱਧ ਹੈ ਤਾਂ ਤੁਹਾਡਾ ਸਿਸਟਮ ਠੀਕ ਹੈ।* ਜੇਕਰ ਇਸ ਤੋਂ ਘੱਟ ਹੈ ਤਾਂ ਇਸ ਦੀ ਸ਼ਕਾਇਤ 1800-3000-2050 ਦੇ ਦਰਜ ਕਰਾ ਕੇ ਸ਼ਕਾਇਤ ਨੰਬਰ ਨੋਟ ਕਰ ਲਵੋ। ਲਗਭਗ 5 ਦਿਨਾਂ ਵਿੱਚ ਸ਼ਕਾਇਤ ਹੱਲ ਕਰਨ ਲਈ ਇੰਜੀਨੀਅਰ ਤੁਹਾਡੇ ਕੋਲ ਆਵੇਗਾ। |
| 2. | ਸੈਟ-ਟੌਪ ਬੋਕਸ ਚਾਲੂ ਨਹੀਂ ਹੋ ਰਿਹਾ | ਸੈਟ-ਟੌਪ ਬੋਕਸ ਦਾ ਅਡੈਪਟਰ ਖਰਾਬ ਹੋ ਗਿਆ ਹੋਵੇਗਾ। | ਚੈਕ ਕਰੋ ਕਿ ਸੈਟ-ਟੌਪ ਬਾਕਸ ਵਿੱਚ ਐਲ.ਈ.ਡੀ ਦੀ ਹਰੀ ਬੱਤੀ ਜਗ ਰਹੀ ਹੈ। ਜੇਕਰ ਨਹੀਂ ਤਾਂ ਡੀ.ਸੀ ਇੰਨ ਪੋਰਟ ਨਾਲ ਜੁੜੇ ਅਡੈਪਟਰ ਨੂੰ ਚੈਕ ਕਰੋ। ਜੇਕਰ ਢਿੱਲਾ ਹੈ ਤਾਂ ਕੱਢ ਕੇ ਦੁਬਾਰਾ ਕਸ ਦਿਓ। |
| 3. | ਐਲ.ਐਫ.ਡੀ/ ਪਲਾਜ਼ਮਾ ਤੇ ਕੋਈ ਡਿਸਪਲੇ ਨਹੀਂ ਆ ਰਿਹਾ। | ਢਿੱਲੇ ਕਨੈਕਸ਼ਨ ਕਰਕੇ | ਚੈਕ ਕਰੋ ਕਿ ਐਲ.ਸੀ.ਡੀ ਪਲਾਜ਼ਮਾ ਦੀ ਹਰੀ ਬੱਤੀ ਜਗ ਰਹੀ ਹੈ ਜੇਕਰ ਨਹੀਂ ਤਾਂ ਬਿਜਲੀ ਦੀ ਤਾਰ ਨੂੰ ਚੈਕ ਕਰੋ ਜੋ ਬਿਜਲੀ ਦੇ ਬੋਰਡ ਵਿੱਚ ਲਗੀ ਹੈ। *ਉਸ ਨੂੰ ਟਾਈਟ ਕਰੋ ਸਿਸਟਮ ਚਾਲੂ ਹੋ ਜਾਵੇਗਾ।* |
| | | | ਜੇਕਰ ਹਾਲੇ ਵੀ ਚਾਲੂ ਨਹੀਂ ਹੋਇਆ ਤਾਂ ਬਿਜਲੀ ਦੀ ਤਾਰ ਨੂੰ ਹੋਰ ਪਲੱਗ ਵਿੱਚ ਲਗਾ ਕੇ ਦੇਖੋ। *ਜੇਕਰ ਫਿਰ ਵੀ ਚਾਲੂ ਨਹੀਂ ਹੋਇਆ ਤਾਂ ਹੋ ਸਕਦਾ ਹੈ ਕਿ ਤਾਰ ਖਰਾਬ ਹੋਵੇ।* ਇਸ ਦੀ ਸ਼ਕਾਇਤ 1800-3000-2050 ਦੇ ਦਰਜ ਕਰਾ ਕੇ ਸ਼ਕਾਇਤ ਨੰਬਰ ਨੋਟ ਕਰ ਲਵੋ। ਲਗਭਗ 5 ਦਿਨਾਂ ਵਿੱਚ ਸ਼ਕਾਇਤ ਹੱਲ ਕਰਨ ਲਈ ਇੰਜੀਨੀਅਰ ਤੁਹਾਡੇ ਕੋਲ ਆਵੇਗਾ। |
| | | ਹੋ ਸਕਦਾ ਹੈ ਕਿ ਤੁਹਾਡੇ ਵੱਲੋਂ ਗਲਤ ਇਨਪੁੱਟ ਦੀ ਚੋਣ ਕੀਤੀ ਹੋਵੇ। | ਚੈਕ ਕਰੋ ਕਿ ਐਲ.ਸੀ.ਡੀ ਪਲਾਜ਼ਮਾ ਦੀ ਹਰੀ ਬੱਤੀ ਜਗ ਰਹੀ ਹੈ ਪ੍ਰੰਤੂ ਟੀ.ਵੀ ਤੇ ਸਿਗਨਲ ਨਹੀਂ ਆ ਰਿਹਾ, *HDMI ਕੇਬਲ ਨੂੰ ਚੈਕ ਕਰੋ ਕਿ ਇਹ ਸੈਟ ਟੌਪ ਬੋਕਸ ਵਿੱਚ ਚੰਗੀ ਤਰ੍ਹਾਂ ਟਾਈਟ ਫਿੱਟ ਹੈ ਨਹੀਂ ਤਾਂ ਦੁਬਾਰਾ ਕਰ ਦਿਓ ਪ੍ਰੋਗਰਾਮ ਚਾਲੂ ਹੋ ਜਾਵੇਗਾ।*<br>ਜੇਕਰ ਹਾਲੇ ਵੀ ਚਾਲੂ ਨਹੀਂ ਹੋਇਆ ਤਾਂ ਐਲ.ਐਫ.ਡੀ/ਪਲਾਜ਼ਮਾ ਦਾ ਇਨਪੁੱਟ ਚੈਕ ਕਰੋ। *ਐਲ.ਐਫ.ਡੀ ਰਿਮੋਟ ਚੁੱਕੋ ਅਤੇ ਪੀਲਾ HDMI ਬਟਨ ਦਬਾਓ ਅਤੇ HDMI 1 ਦੀ ਚੋਣ ਕਰੋ ਜੇਕਰ ਐਲ.ਐਫ.ਡੀ ਸੈਮਸੰਗ ਦਾ ਹੈ ਅਤੇ ਜੇਕਰ ਐਲ.ਜੀ ਦਾ ਹੈ ਤਾਂ AV1/AV2 ਇਨਪੁੱਟ ਦੀ ਚੋਣ ਕਰੋ।* |
| 4. | ਜੇਕਰ ਹਾਲੇ ਵੀ ਸਿਸਟਮ ਚਾਲੂ ਨਹੀਂ ਹੋਇਆ ਤਾਂ ਆਰ.ਓ.ਟੀ ਹੈਲਪ ਡੈਸਕ ਤੇ ਟਾਲ ਫ੍ਰੀ ਨੰ. 1800-3000-2050 ਤੇ ਸ਼ਕਾਇਤ ਦਰਜ ਕਰਾ ਕੇ ਸ਼ਕਾਇਤ ਨੰਬਰ ਨੋਟ ਕਰ ਲਵੋ। ਲਗਭਗ 5 ਦਿਨਾਂ ਵਿੱਚ ਸ਼ਕਾਇਤ ਹੱਲ ਕਰਨ ਲਈ ਇੰਜੀਨੀਅਰ ਤੁਹਾਡੇ ਕੋਲ ਆਵੇਗਾ। | | |